ਜਾਣਕਾਰੀ ਸ਼ੀਟ

# ਕਮਿਊਨਿਟੀ ਫਾਰਮਾਸਿਸਟ ਪਾਇਲਟ ਪ੍ਰੋਜੈਕਟ – ਅਕਸਰ ਪੁੱਛੇ ਜਾਂਦੇ ਸਵਾਲ

## ਯੂਰੀਨਰੀ ਟ੍ਰੈਕਟ ਇਨਫੈਕਸ਼ਨ (ਪਿਸ਼ਾਬ ਨਾਲੀ ਦੀ ਲਾਗ) (UTI) ਕੀ ਹੈ?

UTI ਪਿਸ਼ਾਬ ਪ੍ਰਣਾਲੀ ਦੇ ਕਿਸੇ ਵੀ ਹਿੱਸੇ ਵਿੱਚ ਇੱਕ ਇਨਫੈਕਸ਼ਨ ਹੁੰਦਾ ਹੈ। ਪਿਸ਼ਾਬ ਪ੍ਰਣਾਲੀ ਆਮ ਤੌਰ 'ਤੇ ਦੋ ਗੁਰਦਿਆਂ ਅਤੇ ਦੋ ਟਿਊਬਾਂ (ਨਾਲੀਆਂ) ਤੋਂ ਬਣੀ ਹੁੰਦੀ ਹੈ ਜਿਨ੍ਹਾਂ ਨੂੰ ਯੂਰੇਟਰਸ ਜਿਹਾ ਜਾਂਦਾ ਹੈ, ਜੋ ਕਿ ਗੁਰਦਿਆਂ ਨੂੰ ਬਲੈਡਰ ਨਾਲ ਜੋੜਦੀਆਂ ਹਨ। ਬਲੈਡਰ ਤੋਂ ਇੱਕ ਹੋਰ ਨਲੀ, ਯੂਰੇਥਰਾ, ਪਿਸ਼ਾਬ ਨੂੰ ਸਰੀਰ ਤੋਂ ਬਾਹਰ ਲੈ ਕੇ ਜਾਂਦੀ ਹੈ।

ਇਨਫੈਕਸ਼ਨ ਆਮ ਤੌਰ 'ਤੇ ਬਲੈਡਰ (ਸਿਸਟਾਇਟਿਸ) ਵਿੱਚ ਹੁੰਦਾ ਹੈ ਪਰ ਇਹ ਯੂਰੇਥਰਾ (ਯੂਰੇਥ੍ਰਾਈਟਿਸ), ਗੁਰਦਿਆਂ (ਪਾਈਲੋਨੇਫ੍ਰਾਈਟਿਸ), ਜਾਂ ਇਹਨਾਂ ਦੇ ਸੁਮੇਲ ਨਾਲ ਵੀ ਹੋ ਸਕਦਾ ਹੈ।

ਗੁਰਦਿਆਂ ਵਿੱਚ ਇਨਫੈਕਸ਼ਨ ਲਈ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਦੁਆਰਾ ਮੁਲਾਂਕਣ ਕੀਤੇ ਜਾਣ ਦੀ ਲੋੜ ਹੁੰਦੀ ਹੈ।

**UTIs ਬਾਰੇ ਹੋਰ ਜਾਣਕਾਰੀ ਲਈ ਹੈਲਥ-ਡਾਇਰੈਕਟ (healthdirect) 'ਤੇ ਜਾਓ**।

## UTI ਹੋਣ ਦੇ ਲੱਛਣ ਕੀ ਹੁੰਦੇ ਹਨ?

UTI ਹੋਣ ਦੇ ਲੱਛਣਾਂ ਵਿੱਚ ਹੇਠ ਲਿਖੇ ਲੱਛਣ ਸ਼ਾਮਲ ਹੋ ਸਕਦੇ ਹਨ:

- ਜਦੋਂ ਤੁਸੀਂ ਪਿਸ਼ਾਬ ਕਰਦੇ ਹੋ ਤਾਂ ਜਲਣ ਜਾਂ ਚੀਰਵਾਂ (ਦਰਦ)
- ਨਿਯਮਤ ਤੌਰ 'ਤੇ ਜ਼ਿਆਦਾ ਵਾਰ ਅਤੇ/ਜਾਂ ਪਿਸ਼ਾਬ ਕਰਨ ਦੀ ਤੁਰੰਤ ਲੋੜ
- ਬਲੈਡਰ ਵਾਲੇ ਭਾਗ (ਪੇਟ ਦੇ ਹੇਠਲੇ ਹਿੱਸੇ ਵਿੱਚ, ਧੁੰਨੀ ਦੇ ਹੇਠਾਂ) ਦੇ ਆਲੇ-ਦੁਆਲੇ ਦਰਦ

**UTIs ਬਾਰੇ ਹੋਰ ਜਾਣਕਾਰੀ ਲਈ ਹੈਲਥ-ਡਾਇਰੈਕਟ (healthdirect) 'ਤੇ ਜਾਓ**।

## ਇੱਕ ਗੁੰਝਲਦਾਰ ਅਤੇ ਗੁੰਝਲ-ਰਹਿਤ UTI ਵਿੱਚ ਕੀ ਅੰਤਰ ਹੁੰਦਾ ਹੈ?

ਗੁੰਝਲ-ਰਹਿਤ ਪਿਸ਼ਾਬ ਨਾਲੀ ਦੀ ਲਾਗ ਆਮ ਤੌਰ 'ਤੇ ਔਰਤਾਂ ਵਿੱਚ ਹੁੰਦੀ ਹੈ, ਅਤੇ ਮਾਦਾ ਜੀਵ-ਵਿਗਿਆਨ ਵਾਲੇ ਲੋਕ, ਜੋ ਆਮ ਤੌਰ 'ਤੇ ਸਿਹਤਮੰਦ ਹੁੰਦੇ ਹਨ, ਜੋ ਗਰਭਵਤੀ ਨਹੀਂ ਹਨ ਅਤੇ ਜਿਨ੍ਹਾਂ ਦੀ ਪਿਸ਼ਾਬ ਨਾਲੀ ਵਿੱਚ ਕੋਈ ਅਸਧਾਰਨਤਾਵਾਂ ਜਾਂ ਰੁਕਾਵਟਾਂ ਨਹੀਂ ਹੁੰਦੀਆਂ ਹਨ। ਗੁੰਝਲ-ਰਹਿਤ ਇਨਫੈਕਸ਼ਨ ਉਹ ਹੁੰਦੇ ਹਨ ਜੋ ਪਿਸ਼ਾਬ ਨਾਲੀ ਦੇ ਹੇਠਲੇ ਹਿੱਸੇ (ਯੂਰੇਥਰਾ ਅਤੇ ਬਲੈਡਰ) ਵਿੱਚ ਹੁੰਦੇ ਹਨ।

ਜੇਕਰ ਕੋਈ ਫਾਰਮਾਸਿਸਟ ਸੋਚਦਾ ਹੈ ਕਿ ਇਨਫੈਕਸ਼ਨ ਗੁੰਝਲਦਾਰ ਹੋ ਸਕਦਾ ਹੈ, ਤਾਂ ਮਰੀਜ਼ ਨੂੰ ਇਲਾਜ ਲਈ ਡਾਕਟਰ ਕੋਲ ਭੇਜਿਆ ਜਾਵੇਗਾ।

## ਕੀ ਮੈਂ ਆਪਣੀ ਸਥਾਨਕ ਫਾਰਮੇਸੀ ਵਿੱਚ ਦੇਖਭਾਲ ਪ੍ਰਾਪਤ ਕਰਨ ਦੇ ਯੋਗ ਹਾਂ?

ਫਾਰਮੇਸੀ ਵਿੱਚ UTI ਦੇ ਇਲਾਜ ਲਈ ਤੁਹਾਡਾ ਇਹ ਹੋਣਾ ਲਾਜ਼ਮੀ ਹੈ:

- ਔਰਤ (ਜਾਂ ਮਾਦਾ ਜੀਵ-ਵਿਗਿਆਨ ਹੈ)
- 18 ਤੋਂ 65 ਸਾਲ ਦੀ ਉਮਰ (ਸਮੇਤ)
- ਗੁੰਝਲ-ਰਹਿਤ UTI ਨਾਲ ਮੇਲ ਖਾਂਦੇ ਲੱਛਣ ਦਿਖਾਉਣਾ, ਜਿਸ ਵਿੱਚ ਇਹ ਸ਼ਾਮਲ ਹੋ ਸਕਦੇ ਹਨ:
- ਜਦੋਂ ਤੁਸੀਂ ਪਿਸ਼ਾਬ ਕਰਦੇ ਹੋ ਤਾਂ ਜਲਣ ਜਾਂ ਚੀਰਵਾਂ (ਦਰਦ), ਜਾਂ
- ਵਾਰ-ਵਾਰ ਜਾਂ ਤੁਰੰਤ ਪਿਸ਼ਾਬ ਕਰਨ ਦੀ ਲੋੜ
- ਬਲੈਡਰ ਵਾਲੇ ਭਾਗ (ਪੇਟ ਦੇ ਹੇਠਲੇ ਹਿੱਸੇ ਵਿੱਚ, ਧੁੰਨੀ ਦੇ ਹੇਠਾਂ) ਦੇ ਆਲੇ-ਦੁਆਲੇ ਦਰਦ

ਜੇਕਰ ਤੁਹਾਨੂੰ ਆਪਣੀ ਭਾਸ਼ਾ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਆਪਣੇ ਫਾਰਮਾਸਿਸਟ ਨੂੰ ਦੱਸੋ ਕਿ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ।

## ਮੈਨੂੰ ਇੱਕ ਫਾਰਮਾਸਿਸਟ ਕਿੱਥੇ ਮਿਲ ਸਕਦਾ ਹੈ ਜੋ ਇਸ ਪਾਇਲਟ (ਅਜ਼ਮਾਇਸ਼) ਵਿੱਚ ਹਿੱਸਾ ਲੈ ਰਿਹਾ ਹੈ?

ਭਾਗ ਲੈਣ ਵਾਲੀਆਂ ਫਾਰਮੇਸੀਆਂ ਬਾਰੇ ਜਾਣਕਾਰੀ ਸਿਹਤ ਵਿਭਾਗ ਦੀ ਵੈੱਬਸਾਈਟ 'ਤੇ ਉਪਲਬਧ ਹੈ। ਤੁਸੀਂ ਇਹ ਪੁੱਛਣ ਲਈ ਆਪਣੀ ਸਥਾਨਕ ਫਾਰਮੇਸੀ ਨੂੰ ਅਗਾਊਂ ਹੀ ਫ਼ੋਨ ਕਰਨ ਬਾਰੇ ਵੀ ਵਿਚਾਰ ਕਰ ਸਕਦੇ ਹੋ ਕਿ ਕੀ ਉਹ ਇਹ ਸੇਵਾ ਦਿੰਦੇ ਹਨ। ਜੇਕਰ ਉਹ ਸੇਵਾ ਨਹੀਂ ਦਿੰਦੇ ਹਨ ਤਾਂ ਉਹ ਤੁਹਾਨੂੰ ਵਿਕਲਪਕ ਦੇਖਭਾਲ ਪ੍ਰਦਾਤਾਵਾਂ ਕੋਲ ਭੇਜਣ ਵਿੱਚ ਸੇਧ ਦੇਣ ਦੇ ਯੋਗ ਹੋਣਗੇ।

## ਜੇਕਰ ਮੈਂ ਆਪਣੀ ਸਥਾਨਕ ਫਾਰਮੇਸੀ ਵਿੱਚ ਦੇਖਭਾਲ ਪ੍ਰਾਪਤ ਕਰਨ ਲਈ ਯੋਗਤਾ ਨਹੀਂ ਰੱਖਦਾ/ਦੀ ਹਾਂ ਤਾਂ ਕੀ ਹੋਵੇਗਾ?

ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਸਹੀ ਸਮੇਂ 'ਤੇ ਸਹੀ ਇਲਾਜ ਪ੍ਰਾਪਤ ਕਰ ਰਹੇ ਹੋ, ਤੁਹਾਡੇ ਫਾਰਮਾਸਿਸਟ ਨੂੰ ਤੁਹਾਨੂੰ ਤੁਹਾਡੇ ਡਾਕਟਰ (GP) ਜਾਂ ਕਿਸੇ ਹੋਰ ਸਿਹਤ ਸੰਭਾਲ ਪੇਸ਼ੇਵਰ ਕੋਲ ਭੇਜਣ ਦੀ ਲੋੜ ਹੋ ਸਕਦੀ ਹੈ। ਐਮਰਜੈਂਸੀ ਵਿੱਚ, ਫਾਰਮਾਸਿਸਟ ਤੁਹਾਨੂੰ ਐਮਰਜੈਂਸੀ ਵਿਭਾਗ ਵਿੱਚ ਵੀ ਭੇਜ ਸਕਦਾ ਹੈ।

## ਮੇਰੀ ਸਥਾਨਕ ਫਾਰਮੇਸੀ UTI ਲਈ ਐਂਟੀਬਾਇਓਟਿਕਸ ਸਪਲਾਈ ਕਰਨ ਦੇ ਯੋਗ ਨਹੀਂ ਹੈ - ਕਿਉਂ?

ਇਸ ਪਾਇਲਟ ਪ੍ਰੋਜੈਕਟ ਵਿੱਚ ਫਾਰਮਾਸਿਸਟ ਦੀ ਭਾਗੀਦਾਰੀ ਸਵੈ-ਇੱਛਤ ਹੈ। ਇਸ ਲਈ, ਸਾਰੇ ਫਾਰਮਾਸਿਸਟ ਇਸ ਬਾਰੇ ਸਲਾਹ ਜਾਂ ਇਲਾਜ ਪ੍ਰਦਾਨ ਨਹੀਂ ਕਰਨਗੇ।

ਇਹ ਸੇਵਾ ਪ੍ਰਦਾਨ ਕਰਨ ਤੋਂ ਪਹਿਲਾਂ ਫਾਰਮਾਸਿਸਟਾਂ ਦਾ ਢੁਕਵੀਂ ਸਿਖਲਾਈ ਨੂੰ ਪੂਰਾ ਕੀਤਾ ਹੋਣਾ ਲਾਜ਼ਮੀ ਹੈ।

ਇਸ ਅਜ਼ਮਾਇਸ਼ ਤੋਂ ਬਾਹਰ, ਫਾਰਮਾਸਿਸਟ UTI ਲਈ ਦਰਦ ਰਾਹਤ ਵਿਕਲਪਾਂ ਅਤੇ ਲੋੜ ਪੈਣ 'ਤੇ ਉਚਿਤ ਰੈਫ਼ਰਲ ਬਾਰੇ ਸਲਾਹ ਦੇ ਸਕਦੇ ਹਨ।

## ਕੀ ਫਾਰਮਾਸਿਸਟ ਦਵਾਈ ਲਿਖਣ ਲਈ ਯੋਗਤਾ ਪ੍ਰਾਪਤ ਹਨ? ਕੀ ਉਹਨਾਂ ਕੋਲ ਮੇਰੀ ਮੱਦਦ ਕਰਨ ਲਈ ਢੁੱਕਵੀਂ ਸਿਖਲਾਈ ਹੈ?

ਇਸ ਅਜ਼ਮਾਇਸ਼ ਵਿੱਚ ਭਾਗ ਲੈਣ ਵਾਲੇ ਫਾਰਮਾਸਿਸਟਾਂ ਨੂੰ UTIs ਲਈ ਦਵਾਈ ਸਪਲਾਈ ਕਰਨ ਲਈ ਵਧੀਕ ਸਿਖਲਾਈ ਦਿੱਤੀ ਗਈ ਹੈ।

ਭਾਗ ਲੈਣ ਵਾਲੇ ਫਾਰਮਾਸਿਸਟਾਂ ਨੂੰ ਮਾਰਗਦਰਸ਼ਨ ਅਤੇ ਪ੍ਰੋਟੋਕੋਲ ਮੁੱਹਈਆ ਕੀਤੇ ਜਾਣਗੇ ਕਿ ਕੌਣ ਇਲਾਜ ਪ੍ਰਾਪਤ ਕਰਨ ਦੇ ਯੋਗ ਹੈ ਅਤੇ ਕਿਸ ਨੂੰ ਆਪਣੇ ਡਾਕਟਰ (ਜੀਪੀ) ਜਾਂ ਐਮਰਜੈਂਸੀ ਵਿਭਾਗ ਕੋਲ ਭੇਜਿਆ ਜਾਣਾ ਚਾਹੀਦਾ ਹੈ।

## ਪਾਇਲਟ ਪ੍ਰੋਜੈਕਟ ਤਸਮਾਨੀਆ ਵਿੱਚ ਕਿਉਂ ਚਲਾਇਆ ਜਾ ਰਿਹਾ ਹੈ?

ਕੁੱਝ ਸਥਿਤੀਆਂ ਲਈ ਫਾਰਮਾਸਿਸਟ ਵੱਲੋਂ ਦਵਾਈ ਲਿਖਣ ਨਾਲ ਪਹਿਲਾਂ ਇਲਾਜ ਹੋ ਸਕਦਾ ਹੈ ਅਤੇ ਇਹ ਲੱਛਣਾਂ ਅਤੇ ਪ੍ਰੇਸ਼ਾਨੀ ਨੂੰ ਘਟਾਉਣ ਵਿੱਚ ਵੀ ਮੱਦਦ ਕਰ ਸਕਦਾ ਹੈ, ਇਹ ਯਕੀਨੀ ਬਣਾਉਣਾ ਵੀ ਮਹੱਤਵਪੂਰਨ ਹੈ ਕਿ ਵਿਅਕਤੀਆਂ ਅਤੇ ਆਬਾਦੀ ਲਈ ਕੋਈ ਵੀ ਜ਼ੋਖਮ ਲਾਭਾਂ ਦੁਆਰਾ ਸੰਤੁਲਿਤ ਹੈ। ਇਸ ਸਮੇਂ ਆਸਟ੍ਰੇਲੀਆ ਦੇ ਹੋਰ ਹਿੱਸਿਆਂ ਵਿੱਚ ਵੀ ਅਜ਼ਮਾਇਸ਼ ਅਤੇ ਪਾਇਲਟ ਪ੍ਰੋਜੈਕਟ ਚਲਾਏ ਜਾ ਰਹੇ ਹਨ।

## ਪਾਇਲਟ ਪ੍ਰੋਜੈਕਟ ਕਿੰਨੀ ਦੇਰ ਤੱਕ ਚੱਲੇਗਾ?

ਪਾਇਲਟ ਪ੍ਰੋਜੈਕਟ 12 ਮਹੀਨਿਆਂ ਲਈ ਚੱਲੇਗਾ। ਇਸ ਪਾਇਲਟ ਪ੍ਰੋਜੈਕਟ ਦੇ ਅੰਤ ਵਿੱਚ, ਇਸ ਸੇਵਾ ਤੱਕ ਨਿਰੰਤਰ ਤੌਰ 'ਤੇ ਪਹੁੰਚ ਜਾਰੀ ਰੱਖਣ 'ਤੇ ਵਿਚਾਰ ਕਰਨ ਲਈ ਸਿਹਤ ਵਿਭਾਗ ਅਤੇ ਤਸਮਾਨੀਆ ਸਰਕਾਰ ਲਈ ਇੱਕ ਰਿਪੋਰਟ ਤਿਆਰ ਕੀਤੀ ਜਾਵੇਗੀ।

## ਮੈਂ ਇਸ ਪਾਇਲਟ ਪ੍ਰੋਜੈਕਟ ਨਾਲ ਸੰਬੰਧਿਤ ਆਪਣੀ ਸੁਰੱਖਿਆ ਜਾਂ ਦੇਖਭਾਲ ਬਾਰੇ ਚਿੰਤਾ ਦੀ ਰਿਪੋਰਟ ਕਿਵੇਂ ਕਰਾਂ?

ਤੁਹਾਡਾ ਫਾਰਮਾਸਿਸਟ ਤੁਹਾਡੇ ਸਲਾਹ-ਮਸ਼ਵਰੇ ਦੇ ਹਿੱਸੇ ਵਜੋਂ ਤੁਹਾਨੂੰ ਇੱਕ ਭਾਗੀਦਾਰ ਜਾਣਕਾਰੀ ਸ਼ੀਟ ਪ੍ਰਦਾਨ ਕਰੇਗਾ। ਤੁਸੀਂ ਫਾਰਮੇਸੀ ਨਾਲ ਸਿੱਧੇ ਤੌਰ 'ਤੇ ਚਿੰਤਾਵਾਂ ਬਾਰੇ ਗੱਲ ਕਰ ਸਕਦੇ ਹੋ। ਜੇਕਰ ਤੁਸੀਂ ਉਹਨਾਂ ਦੇ ਜਵਾਬ ਤੋਂ ਨਾਖੁਸ਼ ਹੋ ਜਾਂ ਤੁਹਾਨੂੰ ਲੱਗਦਾ ਹੈ ਕਿ ਫਾਰਮੇਸੀ ਨਾਲ ਸਿੱਧਾ ਸੰਪਰਕ ਕਰਨਾ ਅਣਉਚਿਤ ਹੈ, ਤਾਂ ਤੁਸੀਂ AHPRA ਜਾਂ ਤਸਮਾਨੀਆ ਦੇ ਸਿਹਤ ਸ਼ਿਕਾਇਤਾਂ ਦੇ ਕਮਿਸ਼ਨਰ (Tasmanian Health Complaints Commissioner) ਨੂੰ ਰਿਪੋਰਟ ਕਰ ਸਕਦੇ ਹੋ।

## ਜੇਕਰ ਮੈਂ ਪਾਇਲਟ ਪ੍ਰੋਜੈਕਟ ਵਿੱਚ ਹਿੱਸਾ ਲਵਾਂ, ਤਾਂ ਮੈਨੂੰ ਕਿਹੜੀ ਨਿੱਜੀ ਜਾਣਕਾਰੀ ਪ੍ਰਦਾਨ ਕਰਨੀ ਪਵੇਗੀ? ਇਸ ਨੂੰ ਕਿਵੇਂ ਵਰਤਿਆ ਅਤੇ ਸੁਰੱਖਿਅਤ ਰੱਖਿਆ ਜਾਵੇਗਾ?

ਫਾਰਮਾਸਿਸਟ ਤੋਂ ਇਲਾਜ ਪ੍ਰਾਪਤ ਕਰਨ ਲਈ ਤੁਹਾਨੂੰ ਆਪਣਾ ਨਾਮ, ਜਨਮ ਮਿਤੀ, ਸੰਪਰਕ ਵੇਰਵੇ ਅਤੇ ਡਾਕਟਰ (GP) ਦਾ ਨਾਮ ਪ੍ਰਦਾਨ ਕਰਨ ਦੀ ਲੋੜ ਹੋਵੇਗੀ, ਜੇਕਰ ਤੁਹਾਡੇ ਕੋਲ ਕੋਈ ਡਾਕਟਰ ਹੈ ਤਾਂ।

ਤੁਹਾਨੂੰ ਇਸ ਪਾਇਲਟ ਪ੍ਰੋਜੈਕਟ ਦਾ ਹਿੱਸਾ ਬਣਨ ਲਈ ਅਤੇ ਫਾਰਮਾਸਿਸਟ ਨਾਲ ਕੀਤੇ ਸਲਾਹ-ਮਸ਼ਵਰੇ ਤੋਂ ਲਗਭਗ ਸੱਤ ਦਿਨਾਂ ਬਾਅਦ ਸਿਹਤ ਵਿਭਾਗ ਤੋਂ ਸਵੈ-ਇੱਛਤ ਫਾਲੋ-ਅੱਪ ਸਰਵੇਖਣ ਭੇਜੇ ਜਾਣ ਲਈ ਆਪਣੀ ਸਹਿਮਤੀ ਦੇਣ ਦੀ ਵੀ ਲੋੜ ਹੋਵੇਗੀ।

ਇਸ ਪਾਇਲਟ ਪ੍ਰੋਜੈਕਟ ਬਾਰੇ ਕਿਸੇ ਵੀ ਰਿਪੋਰਟ ਵਿੱਚ, ਅਜਿਹੀ ਜਾਣਕਾਰੀ ਪੇਸ਼ ਕੀਤੀ ਜਾਵੇਗੀ ਜਿਸ ਵਿੱਚ ਤੁਹਾਡੀ ਸਨਾਖ਼ਤ ਨਾ ਹੋ ਸਕੇ।

ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਤੁਹਾਡੇ ਫਾਰਮਾਸਿਸਟ ਅਤੇ ਸਿਹਤ ਵਿਭਾਗ ਦੁਆਰਾ ਸੁਰੱਖਿਅਤ ਰੱਖੀ ਜਾਵੇਗੀ।

## ਇਸ ਮੁਲਾਂਕਣ ਅਤੇ ਇਲਾਜ ਦੀ ਕੀਮਤ ਕਿੰਨੀ ਹੋਵੇਗੀ?

ਤੁਹਾਡੇ ਲਈ ਸਿਫ਼ਾਰਸ਼ ਕੀਤੀ ਗਈ ਦਵਾਈ ਦੀ ਕੀਮਤ ਹੋਵੇਗੀ। ਸਲਾਹ-ਮਸ਼ਵਰੇ ਦੀ ਫ਼ੀਸ ਵੀ ਹੋ ਸਕਦੀ ਹੈ। ਤੁਹਾਡਾ ਫਾਰਮਾਸਿਸਟ ਤੁਹਾਡੇ ਮੁਲਾਂਕਣ ਤੋਂ ਪਹਿਲਾਂ ਤੁਹਾਨੂੰ ਸੰਭਾਵੀ ਲਾਗਤਾਂ ਬਾਰੇ ਜਾਣਕਾਰੀ ਦੇਵੇਗਾ।